2020145060
30/10/2020

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।

### (ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ : DPISE-CORD0CIRC/61/2020 270792

ਮਿਤੀ 29-10-2020

ਵਿਸ਼ਾ: ਵਿਭਾਗਾਂ ਵੱਲੋਂ ਇਲੈਕਟ੍ਰਾਨਿਕ ਮੀਡੀਆ/ਵੈਬਸਾਈਟਾਂ ਤੇ ਇਸ਼ਤਿਹਾਰ/ਪਬਲੀਸਿਟੀ ਕੰਪੇਨਜ਼ ਚਲਾਉਣ ਸਮੇਂ ਸਿਰ ਪੱਤਰ ਨਾ ਭੇਜਣ ਬਾਰੇ।

ਹਵਾਲਾ: ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ 1/77960/2020 ਮਿਤੀ 16.09.2020.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਉਕਤ ਅਨੁਸਾਰ

ਸੁਪਰਡੰਟ ਕੋਆਰਡੀਨੇਸ਼ਨ

ਪਿ.ਅੰ.ਨੰ: ਉਕਤ /2020270793-797 ਮਿਤੀ 29-10-2020

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਆਰ.ਓ/ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਸਮੂਹ ਅਧਿਕਾਰੀ, ਦਫਤਰ ਡੀ.ਜੀ.ਐਸ.ਈ, ਪੰਜਾਬ।
3. ਸਮੂਹ ਅਧਿਕਾਰੀ, ਦਫਤਰ ਡੀ.ਪੀ.ਆਈ. (ਸੈਸਿ/ਐਸਿ), ਪੰਜਾਬ।
4. ਸਮੂਹ ਅਧਿਕਾਰੀ, ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।
5. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਬਜਟ।

ਸੁਪਰਡੰਟ ਕੋਆਰਡੀਨੇਸ਼ਨ

ਦਫਤਰ : ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ

ਪਿ:ਅੰ:ਨੰ: ਮਿਤੀ ਮਾਨਸਾ 4/11/2020

41511/2020/COORDINATION-DPISE / EM 15(256)24/2020-Electronic Media-DIPR
I/77960/2020

84-Co
30/09/2020

16/09/2020

**ਅਤਿ ਜਰੂਰੀ**

SSE
28/9/2020

ਵੱਲੋ

ਡਾਇਰੈਕਟਰ,
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ।

I/77960/2020

ਵੱਲ

ਰਾਜ ਦੇ ਸਮੂਹ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ ਦੇ ਮੁਖੀ।

AD (Co)
29.9.2020

ਵਿਸ਼ਾ : ਵਿਭਾਗਾਂ ਵੱਲੋਂ ਇਲੈਕਟ੍ਰਾਨਿਕ ਮੀਡੀਆ/ਵੈਬਸਾਈਟਾਂ 'ਤੇ ਇਸ਼ਤਿਹਾਰ/ਪਬਲੀਸਿਟੀ ਕੰਪੇਨਜ਼ ਚਲਾਉਣ ਲਈ ਸਮੇਂ ਸਿਰ ਪੱਤਰ ਨਾ ਭੇਜਣ ਬਾਰੇ।

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਨੂੰ ਰਾਜ ਸਮੂਹ ਵਿਭਾਗਾਂ ਦੇ ਇਲੈਕਟ੍ਰਾਨਿਕ ਮੀਡੀਆ/ਵੈਬਸਾਈਟਾਂ/ਪ੍ਰਿੰਟ ਮੀਡੀਆ 'ਤੇ ਇਸ਼ਤਿਹਾਰ/ਪਬਲੀਸਿਟੀ ਕੰਪੇਨਜ਼ ਚਲਾਉਣ ਲਈ ਨੋਡਲ ਵਿਭਾਗ ਬਣਾਇਆ ਗਿਆ ਹੈ। ਰਾਜ ਦੇ ਸਰਕਾਰੀ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ ਵੱਲੋਂ ਇਲੈਕਟ੍ਰਾਨਿਕ ਮੀਡੀਆ/ਵੈਬਸਾਈਟਾਂ 'ਤੇ ਇਸ਼ਤਿਹਾਰ/ਪਬਲੀਸਿਟੀ ਕੰਪੇਨਜ਼ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਰਾਹੀਂ ਜਾਰੀ ਕੀਤੀ ਜਾਂਦੀ ਹੈ ਪਰੰਤੂ ਬਹੁਤ ਸਾਰੇ ਵਿਭਾਗਾਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਇਸ਼ਤਿਹਾਰ/ਕੰਪੇਨਜ਼ ਸਬੰਧੀ ਵਿਭਾਗ ਨੂੰ ਸਮੇਂ ਸਿਰ ਪੱਤਰ/ਸੂਚਨਾ ਨਹੀਂ ਭੇਜੀ ਜਾਂਦੀ। ਕਈ ਵਿਭਾਗਾਂ ਵੱਲੋਂ ਪੰਜ ਵਜੇ ਤੋਂ ਵੀ ਬਾਅਦ ਕਾਫੀ ਲੇਟ ਪੱਤਰ ਭੇਜਕੇ ਅਗਲੇ ਦਿਨ ਤੋਂ ਕੰਪੇਨ ਚਲਾਉਣ ਲਈ ਲਿਖਿਆ ਜਾਂਦਾ ਹੈ ਅਤੇ ਕੁੱਝ ਵਿਭਾਗਾਂ ਵੱਲੋਂ ਤਾਂ ਵੈਬਸਾਈਟਾਂ 'ਤੇ ਇਸ਼ਤਿਹਾਰ ਲਗਾਉਣ ਵਾਲੇ ਹੀ ਦਿਨ ਪੱਤਰ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਤੁਰੰਤ ਰੇਡੀਓ/ਟੀ.ਵੀ. ਚੈਨਲਾਂ/ਵੈਬਸਾਈਟਾਂ 'ਤੇ ਕੰਪੇਨਜ਼/ਇਸ਼ਤਿਹਾਰ ਚਲਾਉਣ ਮੁਸ਼ਕਿਲ ਹੁੰਦਾ ਹੈ ਕਿਉਂਕਿ ਸਬੰਧਤ ਮੀਡੀਆ ਨੂੰ ਕੰਪੇਨ ਚਲਾਉਣ ਲਈ ਸ਼ਡਿਊਲ ਵਗੈਰਾ ਵੀ ਤਿਆਰ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ। ਇਸਤੋਂ ਇਲਾਵਾ ਕੰਪੇਨ ਚਲਾਉਣ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਮਿਸਲ ਉੱਚ ਅਧਿਕਾਰੀਆਂ ਨੂੰ ਸਮੇਂ ਸਿਰ ਭੇਜਣੀ ਜਰੂਰੀ ਹੁੰਦੀ ਹੈ।

ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਵੈਬਸਾਈਟਾਂ/ਇਲੈਕਟ੍ਰਾਨਿਕ ਮੀਡੀਆ 'ਤੇ ਕੋਈ ਵੀ ਪਬਲੀਸਿਟੀ ਕੰਪੇਨ/ਇਸ਼ਤਿਹਾਰ ਚਲਾਉਣ ਲਈ ਪੱਤਰ ਸਮੇਤ ਮੈਟਰ ਘੱਟੋ-ਘੱਟ ਚਾਰ ਦਿਨ(Working days) ਪਹਿਲਾਂ ਵਿਭਾਗ ਦੀ ਇਲੈਕਟ੍ਰਾਨਿਕ ਮੀਡੀਆ ਸ਼ਾਖਾ ਵਿੱਚ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਕਿ ਚਲਾਈ ਜਾਣ ਵਾਲੀ ਪਬਲੀਸਿਟੀ ਕੰਪੇਨ ਸਬੰਧੀ ਉੱਚ ਅਧਿਕਾਰੀਆਂ ਤੋਂ ਸਮੇਂ ਸਿਰ ਪ੍ਰਵਾਨਗੀ ਕਰਨ ਉਪਰੰਤ ਸਬੰਧਤ ਮੀਡੀਆ ਨੂੰ ਸਮੇਂ ਸਿਰ ਰਿਲੀਜ਼ ਆਰਡਰ ਜਾਰੀ ਕੀਤਾ ਜਾ ਸਕੇ।

**ਇਸਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।**

16/9

Joint DirectorElectronic Media-DIPR
16/09/2020

ਦਫ਼ਤਰ ਸਕੱਤਰ ਸਕੂਲ ਸਿੱਖਿਆ ਪੰਜਾਬ
ਆਨ ਡਾਇਰੀ ਨੰ. 129997
ਮਿਤੀ 29/09/2020

Scanned with CamScanner